# ਆਧੁਨਿਕ ਸੰਵੇਦਨਸ਼ੀਲਤਾ ਅਤੇ ਪਰੰਪਰਾਗਤ ਸ਼ਰਧਾ ਵਿਚਕਾਰ ਚੋਣ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



1923 ਵਿਚ ਜੈਤੋ ਸ਼ਹਿਰ ਦਾ ਨਾਂ ਰਾਸ਼ਟਰੀ ਪੱਧਰ ਉਤੇ ਜਾਣਿਆ ਗਿਆ ਜਦੋਂ ਅੰਗਰੇਜ਼ ਸਾਮਰਾਜ ਅਤੇ ਉਹਦੇ ਦੇਸੀ ਪਿੱਠੂਆਂ ਦੇ ਵਿਰੁੱਧ ਜੈਤੋ ਗੁਰਦੁਆਰੇ ਵਿਚ ਸੰਘਰਸ਼ ਲੜਿਆ ਗਿਆ। ਪੰਜਾਬ ਦੇ ਹਰ ਇਲਾਕੇ ਵਿਚੋਂ ਜੱਥੇ ਜੈਤੋ ਮੋਰਚੇ ਲਈ ਪੁੱਜੇ। ਪੰਡਿਤ ਮੋਤੀ ਲਾਲ ਨਹਿਰੂ, ਪੰਡਤ ਮਦਨ ਮੋਹਨ ਮਾਲਵੀਆ, ਸੈਫੂਲਦੀਨ ਕਿਚਲੂ ਅਤੇ ਹੋਰ ਰਾਸ਼ਟਰੀ ਪੱਧਰ ਦੇ ਆਗੂ ਜੈਤੋ ਪੁੱਜੇ। 75 ਸਾਲ ਬਾਅਦ ਜੈਤੋ ਫਿਰ ਰਾਸ਼ਟਰੀ ਪੱਧਰ ਉਤੇ ਜਾਣਿਆਂ ਜਾਂਦਾ ਹੈ ਕਿਉਂਕਿ ਇਥੇ ਪੰਜਾਬੀ ਜ਼ਬਾਨ ਦਾ ਵੱਡਾ ਲੇਖਕ ਗੁਰਦਿਆਲ ਸਿੰਘ ਰਹਿੰਦਾ ਹੈ। 6 ਸਤੰਬਰ ਜੈਤੋ ਸ਼ਹਿਰ ਦੇ ਨੌਜਵਾਨਾਂ ਨੇ ਆਪਣੀ ਸੰਸਥਾ ਲੋਕ ਸਭਿਆਚਾਰ ਵਿਕਾਸ ਮੰਚ ਵਲੋਂ ਆਪਣੇ ਇਸ ਲੇਖਕ ਦਾ ਸਨਮਾਨ ਸਮਾਰੋਹ ਕੀਤਾ ਅਤੇ ਇਹ ਸਾਬਤ ਕੀਤਾ ਕਿ ਉਨ੍ਹਾਂ ਦੇ ਸ਼ਹਿਰ ਵਿਚ ਰਹਿਣ ਵਾਲਾ ਉਨ੍ਹਾਂ ਦਾ ਲੇਖਕ ਉਸ ਸ਼ਹਿਰ ਦਾ ਸਭ ਤੋਂ ਵੱਡਾ ਮਾਣ ਹੈ। ਇਹ ਸਨਮਾਨ ਸਮਾਰੋਹ ਪੰਜਾਬੀ ਸੰਵੇਦਨਸ਼ੀਲਤਾ ਦੇ ਵਿਕਾਸ ਦੀ ਇਕ ਮਿਸਾਲ ਹੈ।

ਇੰਗਲੈਂਡ ਵਿਚ ਲੇਖਕਾਂ ਦੀ ਇਕ ਕਾਨਫਰੰਸ ਵਿਚ ਪੰਜਾਬੀ ਲੇਖਕਾਂ ਕੋਲੋਂ ਸਵਾਲ ਪੁੱਛਿਆ ਗਿਆ ਸੀ ਕਿ ਤੁਸੀਂ ਆਪਣੇ ਵੱਡੇ ਲੇਖਕਾਂ ਦਾ ਸਨਮਾਨ ਕਿਸ ਤਰ੍ਹਾਂ ਕਰਦੇ ਹੋ? ਕੀ ਕਿਸੇ ਸ਼ਹਿਰ ਦਾ ਨਾਂ ਇਸ ਕਰਕੇ ਜਾਣਿਆ ਜਾਂਦਾ ਹੈ ਕਿ ਇਹ ਕਿਸੇ ਲੇਖਕ ਦਾ ਸ਼ਹਿਰ ਹੈ? ਉਸ ਵੇਲੇ ਪ੍ਰੀਤ ਨਗਰ ਦਾ ਨਾਂ ਲਿਆ ਗਿਆ, ਜਿਸ ਨਾਲ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਨਾਂ ਜੁੜਦਾ ਹੈ। ਬਟਾਲੇ ਦਾ ਨਾਂ ਲਿਆ ਗਿਆ ਕਿ ਇਹ ਸ਼ਿਵ ਕੁਮਾਰ ਬਟਾਲਵੀ ਦਾ ਸ਼ਹਿਰ ਹੈ।

ਇਸੇ ਸਿਲਸਿਲੇ ਵਿਚ ਪਲਸ ਮੰਚ ਦਾ ਨਾਂ ਲਿਆ ਜਾ ਸਕਦਾ ਹੈ ਜੋ ਪਿਛਲੇ ਕੁਝ ਸਾਲਾਂ ਤੋਂ ਆਪਣੇ ਇਨਕਲਾਬੀ ਸਾਹਿਤਕਾਰਾਂ ਦੀ ਯਾਦ ਉਨ੍ਹਾਂ ਦੇ ਪਿੰਡਾਂ ਜਾਂ ਸ਼ਹਿਰਾਂ ਵਿਚ ਜਾ ਕੇ ਮਨਾਉਂਦਾ ਹੈ। ਪਾਸ਼ (ਤਲਵੰਡੀ ਸਲੇਮ), ਉਦਾਸੀ (ਰਾਏਪੁਰ), ਜੈਮਲ ਪੱਡਾ (ਲੱਖਣ ਕੇ ਪੱਡਾ) ਅਤੇ ਸੁਰੇਂਦਰ ਹੇਮ ਜਿਉਤੀ (ਲੁਧਿਆਣਾ) ਇਹਦੀਆਂ ਮਿਸਾਲਾਂ ਹਨ। ਪਰ ਜੈਤੋ ਵਾਲਿਆਂ ਇਸ ਦਿਸ਼ਾ ਵਿਚ ਵਿਸ਼ੇਸ਼ ਵਾਧਾ ਕੀਤਾ ਹੈ ਜਦੋਂ 6 ਸਤੰਬਰ ਨੂੰ ਸਾਰੇ ਸ਼ਹਿਰ ਨੇ ਰਲਕੇ ਆਪਣੇ ਲੇਖਕ ਦਾ ਸਨਮਾਨ ਕੀਤਾ ਹੈ। ਪ੍ਰਬੰਧਕਾਂ ਨੇ ਮੰਚ ਉਤੇ ਦਸਿਆ ਕਿ ਜਦੋਂ ਉਹ ਸਮਾਗਮ ਲਈ ਸ਼ਹਿਰ ਵਾਲਿਆਂ ਨੂੰ ਸੱਦਾ ਪੱਤਰ ਦੇਣ ਗਏ ਤਾਂ ਬਹੁਤਿਆਂ ਨੇ ਖੁਸ਼ੀ ਭਰੀ ਹੈਰਾਨੀ ਪ੍ਰਗਟਾਈ। ਉਨ੍ਹਾਂ ਦੀ ਟਿੱਪਣੀ ਸੀ, ''ਅੱਛਾ, ਏਨਾ ਵੱਡਾ ਲੇਖਕ ਸਾਡੇ ਸ਼ਹਿਰ ਵਿਚ ਰਹਿੰਦਾ ਏ? ਸਾਨੂੰ ਤਾਂ ਪਤਾ ਹੀ ਨਹੀਂ ਸੀ।''

ਉਂਜ ਉਨ੍ਹਾਂ ਦੀ ਹੈਰਾਨੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਇਹ ਪੰਜਾਬੀ ਸਭਿਆਚਾਰ ਅਤੇ ਸਾਹਿਤ ਦੀ ਇਕ ਤ੍ਰਾਸਦੀ ਹੈ ਕਿ ਲੇਖਕਾਂ ਨੂੰ ਲੋਕਾਂ ਵਿਚ ਜਾਣਿਆ ਹੀ ਨਹੀਂ ਜਾਂਦਾ। ਪਟਿਆਲਾ ਸ਼ਹਿਰ ਦੇ ਕਿੰਨੇ ਕੁ ਲੋਕ ਜਾਣਦੇ ਨੇ ਕਿ ਉਨ੍ਹਾਂ ਦੇ ਸ਼ਹਿਰ ਵਿਚ ਅੰਤਰ ਰਾਸ਼ਟਰੀ ਪੱਧਰ ਦੀ ਲੇਖਿਕਾ ਡਾ. ਦਲੀਪ ਕੌਰ ਟਿਵਾਣਾ ਰਹਿੰਦੀ ਹੈ।

6 ਸਤੰਬਰ ਨੂੰ ਮੈਂ ਚੰਡੀਗੜ੍ਹ ਤੋਂ ਜੈਤੋ ਇਸ ਸਮਾਗਮ ਲਈ ਗਿਆ। ਚੰਡੀਗੜ੍ਹ ਤੋਂ ਜੈਤੋ ਦਾ ਸਫਰ ਆਪਣੇ ਆਪ ਵਿਚ ਪੰਜਾਬੀ ਸਭਿਆਚਾਰ ਦੇ ਦੋ ਦਿਸ਼ਾਵਾਂ ਵੱਲ ਵਿਕਾਸ ਦਾ ਤਜਰਬਾ ਸੀ। ਜ਼ੀਰਕਪੁਰ ਤੋਂ ਹੀ ਸੜਕ ਦੇ ਆਲੇ-ਦੁਆਲੇ ਝੰਡੀਆਂ ਲੱਗੀਆਂ ਸਨ। ਜ਼ੀਰਕਪੁਰ, ਰਾਜਪੁਰਾ, ਪਟਿਆਲਾ, ਭਵਾਨੀਗੜ੍ਹ, ਸੰਗਰੂਰ, ਬਰਨਾਲਾ, ਭਦੌੜ, ਸਲਾਬਤਪੁਰ, ਬਾਜੇਖਾਨਾ, ਜੈਤੋ, ਪੂਰੀ ਦੀ ਪੂਰੀ ਸੜਕ ਝੰਡੀਆਂ ਨਾਲ ਸਜਾਈ ਹੋਈ ਸੀ। ਕਿਧਰੇ ਕਿਧਰੇ ਸਜਾਵਟੀ ਬੈਨਰਾਂ ਤੋਂ ਪਤਾ ਲਗਾ ਕਿ ਸਲਾਬਤਪੁਰ ਵਿਚ 8 ਸਤੰਬਰ ਨੂੰ ਸਰਸਾ ਵਾਲੇ ਸੱਚੇ ਸੌਦੇ ਵਾਲੇ ਸੰਤਾਂ ਨੇ ਆਉਣਾ ਹੈ ਅਤੇ ਇਹ ਦੂਰ ਦੂਰ ਦੀ ਸਜਾਵਟ ਉਨ੍ਹਾਂ ਦੇ ਸਵਾਗਤ ਲਈ ਹੈ। 8 ਸਤੰਬਰ ਸਲਾਬਤਪੁਰ ਵਿਚ ਹੋਣ ਵਾਲੇ ਰੂਹਾਨੀ ਸਤਿਸੰਗ ਲਈ ਇਹ ਸਭ ਤਿਆਰੀ ਹੈ। ਇਕ ਲੱਖ ਲੋਕਾਂ ਨੇ ਸਲਾਬਤਪੁਰ ਇੱਕਠੇ ਹੋਣਾ ਸੀ। ਵਹੀਰਾਂ ਘੱਤ ਕੇ ਉਥੇ ਪੁੱਜਣਾ ਸੀ ਅਤੇ ਸਬਰ ਸੰਤੋਖ ਨਾਲ ਜੀਣ ਦਾ ਰੂਹਾਨੀ ਸੁਨੇਹਾ ਲੈਣਾ ਸੀ। ਇਸ ਸਾਰੇ ਪ੍ਰੋਗਰਾਮ ਦਾ ਆਧੁਨਿਕ ਸੰਵੇਦਨਾ ਨਾਲ ਕੋਈ ਸਬੰਧ ਨਹੀਂ। ਪ੍ਰੰਪਰਾਗਤ ਵਿਸ਼ਵਾਸ ਇਸ ਸਤਿਸੰਗ ਦਾ ਧੁਰਾ ਹੈ। ਉਂਜ ਰੂਹਾਨੀ ਸਤਿਸੰਗ ਵਾਲਿਆਂ ਨੇ ਪ੍ਰਚਾਰ ਕਲਾ ਨੂੰ ਸਿੱਖਰ ਉਤੇ ਪਹੁੰਚਾਇਆ ਹੈ ਅਤੇ ਉਨ੍ਹਾਂ ਨੂੰ ਪਤਾ ਹੈ ਕਿ ਭੀੜ ਕਿਸ ਤਰ੍ਹਾਂ ਇਕੱਠੀ ਕਰਨੀ ਹੈ। ਇਕ ਪਾਸੇ ਇਹ ਸਭ ਕੁਝ ਸੀ ਦੂਜੇ ਪਾਸੇ ਜੈਤੋ ਦਾ ਸਮਾਗਮ ਸੀ ਜੋ ਬੁਨਿਆਦੀ ਤੌਰ ਉਤੇ ਆਧੁਨਿਕ ਚੇਤਨਾ ਅਤੇ ਸੰਵੇਦਨਸ਼ੀਲਤਾ ਦਾ ਸਮਾਗਮ ਸੀ। ਇਹ ਫਰਕ ਸਪੱਸ਼ਟ ਤੌਰ ਉਤੇ ਦੋ ਸੋਚਾਂ ਦਾ ਫਰਕ ਹੈ। ਗੁਰਦਿਆਲ ਸਿੰਘ ਦਾ ਮੁਕਾਬਲਾ ਸੱਚੇ ਸੌਦੇ ਵਾਲੇ ਸੰਤਾਂ ਨਾਲ ਕਰਨਾ ਭਾਵੇਂ ਠੀਕ ਨਹੀਂ ਲੱਗਦਾ ਪਰ ਇਹ ਮਿਸਾਲ ਦਸਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੇ ਆਧੁਨਿਕ ਸੰਵੇਦਨਸ਼ੀਲਤਾ ਨੂੰ ਅਪਨਾਉਣਾ ਹੈ ਜਾਂ ਪ੍ਰੰਪਰਾਗਤ ਅੰਧ ਵਿਸ਼ਵਾਸ ਅਤੇ ਸ਼ਰਧਾ ਨੂੰ ਅਪਣਾਉਣਾ ਹੈ। ਇਸ ਬਾਰੇ ਡੂੰਘੀ ਤਰ੍ਹਾਂ ਸੋਚਣਾ ਜ਼ਰੂਰੀ ਹੈ।

ਗੁਰਦਿਆਲ ਸਿੰਘ ਸਾਡਾ ਇਕ ਵਿਸ਼ੇਸ਼ ਲੇਖਕ ਹੈ। ਅੱਜ ਤੋਂ 35 ਸਾਲ ਪਹਿਲਾਂ ਜਦੋਂ ਪ੍ਰੀਤਲੜੀ (ਅਕਤੂਬਰ 1963) ਵਿਚ ਉਹਦੀ ਕਹਾਣੀ 'ਬੰਨ੍ਹ ਟੁੱਟ ਗਿਆ' ਆਈ, ਤਾਂ ਗੰਭੀਰ ਪਾਠਕਾਂ ਨੂੰ ਇਕਦਮ ਇਹ ਅਹਿਸਾਸ ਹੋਇਆ ਕਿ ਨਿਮਨ ਵਰਗ ਦੇ ਮਿਹਨਤੀ ਲੋਕਾਂ ਨੂੰ ਸ਼ਕਤਸ਼ਾਲੀ ਆਵਾਜ਼ ਦੇਣ ਵਾਲਾ ਇਕ ਸੰਵੇਦਨਸ਼ੀਲ ਲੇਖਕ ਪੰਜਾਬੀ ਸਾਹਿਤ ਦੇ ਪਿੜ ਵਿਚ ਆਇਆ ਹੈ। ਉਹਦੀ ਕਹਾਣੀ 'ਕਰੀਰ ਦੀ ਢਿੰਗਰੀ' (ਪ੍ਰੀਤਲੜੀ ਅਪਰੈਲ 1964) ਇਕ ਸ਼ਾਹਕਾਰ ਕਹਾਣੀ ਸੀ। ਇਸ ਕਹਾਣੀ ਵਿਚ ਔਰਤ ਦਾ ਦਰਦ ਸੀ ਅਤੇ ਇਸ ਦਰਦ ਵਿਚੋਂ ਉਠਿਆ ਵਿਦਰੋਹ ਸੀ।

ਅੱਜ ਜਦੋਂ ਉਸ ਦੇ 'ਮੜ੍ਹੀ ਦਾ ਦੀਵਾ' ਤੋਂ ਲੈ ਕੇ 'ਪਰਸਾ' ਤੱਕ ਦੇ ਨਾਵਲ ਦੇ ਸਫਰ ਉਤੇ ਝਾਤ ਪਾਈ ਜਾਵੇ ਤਾਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗੁਰਦਿਆਲ ਸਿੰਘ ਦੀ ਹਰ ਲਿਖਤ ਕਲਾਸਕੀ ਦਰਜਾ ਰੱਖਦੀ ਹੈ। ਹਰ ਇਕ ਸਤਰ ਲਿਖਣ ਵੇਲੇ ਅਤੇ ਪਾਤਰਾਂ ਦੇ ਕਿਰਦਾਰ ਬਿਆਨ ਕਰਨ ਲਈ ਉਹਨੇ ਇਨ੍ਹਾਂ ਨੂੰ ਆਪਣੇ ਦਿਮਾਗ ਵਿਚ ਰਿੜਕਿਆ ਹੈ। ਉਸ ਨੇ ਆਪਣੀਆਂ ਲਿਖਤਾਂ ਵਿਚ ਇਕ ਬੜੀ ਵੱਡੀ ਜ਼ਿੰਮੇਵਾਰੀ ਨਿਭਾਈ ਹੈ। ਉਸ ਨੂੰ ਇਹ ਅਹਿਸਾਸ ਹੈ ਕਿ ਉਹਨੇ ਪੰਜਾਬੀ ਸਾਹਿਤ ਨੂੰ ਉਹ ਦੇਣਾ ਹੈ ਜਿਸ ਦੇ ਨਾਲ ਪੰਜਾਬੀ ਸਾਹਿਤ ਨੇ ਵਿਸ਼ਵ ਸਾਹਿਤ ਵਿਚ ਆਪਣੀ ਥਾਂ ਬਣਾਉਣੀ ਹੈ। 'ਮੜ੍ਹੀ ਦਾ ਦੀਵਾ' ਦਾ ਜਗਸੀਰ, 'ਅਣਹੋਏ' ਦਾ ਬਿਸ਼ਨਾ, 'ਅੱਧ ਚਾਨਣੀ ਰਾਤ' ਦਾ ਮੋਦਨ ਅਤੇ 'ਪਰਸਾ' ਦਾ ਪਰਸਾ ਅਜਿਹੇ ਅਮਰ ਪਾਤਰ ਹਨ ਜੋ ਇਕ ਬੜੇ ਹੀ ਜ਼ਾਲਮ ਅਤੇ ਗਰੀਬ ਦੁਸ਼ਮਣ ਸਮਾਜ ਵਿਚ ਵਿਚਰਦੇ, ਇਸ ਸਮਾਜ ਦੇ ਵਿਰੁਧ ਇਕ ਸਹਿਜ ਬਗ਼ਾਵਤ ਕਰਦੇ ਹਨ। ਪੰਜਾਬ ਦੇ ਲੋਕਾਂ ਨੂੰ ਇਸ ਸਾਹਿਤ ਦੀ ਲੋੜ ਹੈ।

ਬਲਰਾਜ ਸਾਹਨੀ ਕਿਹਾ ਕਰਦੇ ਸਨ ਕਿ ਗੁਰਦਿਆਲ ਸਿੰਘ ਜੋ ਲਿਖਦਾ ਹੈ ਜੇ ਕੋਈ ਚੰਗਾ ਡਾਇਰੈਕਟਰ ਇਨ੍ਹਾਂ ਲਿਖਤਾਂ ਨੂੰ ਫਿਲਮੀ ਮੁਹਾਵਰੇ ਵਿਚ ਪੇਸ਼ ਕਰੇ ਤਾਂ ਫਿਲਮੀ ਦੁਨੀਆਂ ਵਿਚ ਤਹਿਲਕਾ ਮੱਚ ਜਾਏ। ਪਰਸਾ ਦਾ ਕਿਰਦਾਰ ਗੁਰਦਿਆਲ ਸਿੰਘ ਹੀ ਸਾਨੂੰ ਦੇ ਸਕਦਾ ਹੈ।

ਹਾਲੀ ਸਾਡੇ ਦੇਸ਼ ਵਿਚ ਐਸਾ ਪ੍ਰਬੰਧ ਹੋਂਦ ਵਿਚ ਨਹੀਂ ਆਇਆ ਜਿੱਥੇ ਰੋਟੀ ਰੁਜ਼ਗਾਰ ਵਾਂਗ ਸੰਵੇਦਨਸ਼ੀਲਤਾ ਵੀ ਮੁਹੱਈਆ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਹੋਵੇ। ਐਸੇ ਪ੍ਰਬੰਧ ਵਿਚ ਕਲਾ ਅਕਾਦਮੀਆਂ ਜ਼ਰੂਰ ਹੋਂਦ ਵਿਚ ਆਉਣਗੀਆਂ, ਜਿਨ੍ਹਾਂ ਵਿਚ ਪ੍ਰਤਿਭਾਸ਼ੀਲ ਨੌਜਵਾਨ ਦਿਨ ਰਾਤ ਕੰਮ ਕਰਨਗੇ। ਉਸ ਵੇਲੇ 'ਪਰਸਾ' ਦੀ ਪੇਸ਼ਕਾਰੀ ਉਨ੍ਹਾਂ ਦੀ ਪਹਿਲੀ ਚੋਣ ਹੋਵੇਗੀ। ਇਹਨੂੰ ਹਾਲੇ ਸੁਪਨਾ ਕਿਹਾ ਜਾ ਸਕਦਾ ਹੈ ਪਰ ਸੁਪਨੇ ਹੀ ਸਮੇਂ ਨਾਲ ਅਸਲੀਅਤ ਬਣਦੇ ਹਨ।

ਗੁਰਦਿਆਲ ਸਿੰਘ ਦੇ ਸ਼ਹਿਰ ਨੇ ਉਹਦਾ ਸਨਮਾਨ ਕੀਤਾ ਹੈ, ਇਹ ਪੰਜਾਬੀ ਸਾਹਿਤ ਲਈ ਇਕ ਬੜੀ ਹੀ ਫ਼ਖ਼ਰ ਵਾਲੀ ਗੱਲ ਹੈ। ਸ਼ਹਿਰ ਦਾ, ਲੇਖਕ ਦਾ ਅਤੇ ਲੋਕਾਂ ਦਾ ਇਹ ਆਪਸੀ ਰਿਸ਼ਤਾ ਹੀ ਪੰਜਾਬੀ ਸਾਹਿਤ ਦਾ ਭਵਿੱਖ ਹੈ।